

# ਕੋਈ ਦੇਸ ਨਾ ਸਾਡਾ

ਗੁਰਦੀਪ ਸਿੰਘ ਨਿਦੋਸਰਾ

ਸਿੱਖ ਚੇਤਨਾ ਅੰਦਰ ਜੂਨ ਚੁਰਾਸੀ ਕਿਸੇ ਰਸਮੀ ਜਾਣ-ਪਛਾਣ ਦੀ ਮੰਗ ਕਰਦਾ ਵਰਤਾਰਾ ਨਹੀਂ ਹੈ, ਸਗੋਂ ਇਹ ਹਰ ਪਲ ਹਰ ਸਮੇਂ ਸਿੱਖ ਮਾਨਸਿਕਤਾ ਦੇ ਕੇਂਦਰ ਵਿਚ ਪਿਆ ਹੈ। ਇਸ ਦਾ ਕਾਰਨ ਮਹਿਜ਼ ਏਨਾ ਨਹੀਂ ਕਿ ਇਹ ਇਕ ਤ੍ਰਾਸਦੀ ਨਾਲ ਜੁੜਿਆ ਘਟਨਾਕ੍ਰਮ ਹੈ, ਬਲਕਿ ਇਹ ਇਸ ਲਈ ਵੀ ਮਹੱਤਵਪੂਰਨ ਹੈ ਕਿ ਇਹ ਸਿੱਖ ਹਸਤੀ ਦੀ ਅਜ਼ਾਦਾਨਾ ਪਹੁੰਚ ਨਾਲ ਹੋ ਰਹੀ ਬਿਪਰ ਦੀ ਸਦੀਆਂ ਪੁਰਾਣੀ ਮੁੱਠਭੇੜ ਦਾ ਇਕ ਉੱਚਤਮ ਬਿੰਦੂ ਹੈ। ਜਿਸ ਨੇ ਨਾ ਸਿਰਫ਼ ਸਿੱਖ ਸਰੀਰਕਤਾ ਨੂੰ ਆਪਣਾ ਨਿਸ਼ਾਨਾ ਬਣਾਇਆ, ਬਲਕਿ ਜਿਸ ਨੇ ਸਿੱਖ ਅਵਚੇਤਨ ਅੰਦਰ ਵੀ ਇਕ ਕਰੂਰਮਈ ਪ੍ਰਭਾਵ ਸਿਰਜਿਆ ਹੈ। ਜੂਨ ਚੁਰਾਸੀ ਦਾ ਇਹ ਬਿਪਰੀ ਪ੍ਰਗਟੀਕਰਨ ਸਿੱਖਾਂ ਲਈ ਇਸ ਲਈ ਵੀ ਅਹਿਮ ਹੈ, ਕਿਉਂਕਿ ਇਸ ਨੇ ਸਿੱਖਾਂ ਦੇ ਹਰ ਇਕ ਪੱਖ ਉੱਪਰ ਆਪਣਾ ਨਾਂਹ-ਪੱਖੀ ਪ੍ਰਭਾਵ ਸਿਰਜਿਆ ਹੈ। ਅਸੀਂ ਹੁਣ ਤਕ ਬੇਸ਼ੱਕ ਇਸ ਪ੍ਰਭਾਵ ਦੀਆਂ ਕਈ ਨਿਸ਼ਾਨਦੇਹੀਆਂ ਕਰ ਚੁੱਕੇ ਹਾਂ, ਪਰ ਮੈਂ ਸਮਝਦਾ ਹਾਂ ਕਿ ਗੁਰਦੀਪ ਸਿੰਘ ਨਿਦੋਸਰਾ ਨੇ ਆਪਣੇ ਇਸ ਪਲੇਠੇ ਨਾਵਲ ਵਿਚ ਜਿਸ ਪ੍ਰਕਾਰ ਇਸ ਘਟਨਾਕ੍ਰਮ ਦਾ ਇਕ ਬੇਹੱਦ ਅਹਿਮ ਪੱਖ ਉਘਾੜਿਆ, ਉਹ ਸਾਡੇ ਲਈ ਹੁਣ ਤਕ ਲਗਭਗ ਅਣਜਾਣਿਆ ਹੀ ਰਿਹਾ ਹੈ।

ਨਿਦੋਸਰਾ ਦੁਆਰਾ ਰਚਿਤ "ਕੋਈ ਦੇਸ ਨਾ ਸਾਡਾ" ਜਿੱਥੇ ਸਿੱਖ ਬੱਚਿਆਂ ਉੱਪਰ ਕੀਤੇ ਗਏ ਭਾਰਤੀ ਹਕੂਮਤ ਦੇ ਤਸ਼ੱਦਦ ਦੀ ਗੱਲ ਕਰਦਾ ਹੈ, ਉੱਥੇ ਹੀ ਬਾਲ ਮਨਾਂ ਦੇ ਮਾਨਸਿਕ ਵਰਤਾਰੇ ਨੂੰ ਵੀ ਬੜੀ ਬਾਰੀਕੀ ਨਾਲ ਸਮਝਦਾ ਹੈ। ਉਹ ਇਸ ਗੱਲ ਪ੍ਰਤੀ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਜੂਨ ਚੁਰਾਸੀ ਮਹਿਜ਼ ਇਕ ਫ਼ੌਜੀ ਹਮਲਾ ਨਾ ਹੋ ਕੇ ਇਕ ਮਾਨਸਿਕ ਹਮਲਾ ਵਧੇਰੇ ਸੀ, ਜਿਸ ਨੂੰ ਉਹ ਨਾ ਸਿਰਫ਼ ਹਿੰਦੂ-ਸਿੱਖ ਦੇ ਪ੍ਰਸੰਗ ਰਾਹੀਂ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ, ਬਲਕਿ ਇਸ ਦਾ ਹਿੰਦੂ ਬਨਾਮ ਹਿੰਦੂ ਸੰਵਾਦ ਵੀ ਸਿਰਜਦਾ ਹੈ, ਜਿਹੜਾ ਕਿ ਸਿੱਖ ਪੱਖ ਨੂੰ ਠੋਸਤਾ ਪ੍ਰਦਾਨ ਕਰਦਾ ਹੈ।

ਇਸ ਲਈ ਮੇਰਾ ਮੰਨਣਾ ਹੈ ਕਿ "ਕੋਈ ਦੇਸ ਨਾ ਸਾਡਾ" ਜਿੱਥੇ ਪੰਜਾਬੀ ਨਾਵਲ ਲਈ ਇਕ ਨਵੀਂ ਦਿਸ਼ਾ ਪ੍ਰਦਾਨ ਕਰਨ ਦਾ ਨਿੱਗਰ ਯਤਨ ਹੈ, ਉੱਥੇ ਹੀ ਇਸ ਦੀ ਮਹੱਤਤਾ ਇਸ ਗੱਲ ਵਿਚ ਵੀ ਪਈ ਹੈ ਕਿ ਇਹ ਯਥਾਰਥਵਾਦੀ ਪਰਿਸਥਿਤੀਆਂ ਦੀ ਨਾਵਲੀ ਪੇਸ਼ਕਾਰੀ ਕਿਸ ਪ੍ਰਕਾਰ ਕੀਤੀ ਜਾਣੀ ਚਾਹੀਦੀ ਹੈ, ਇਸ ਗੱਲ ਨੂੰ ਵੀ ਬੇਹੱਦ ਅਸਾਨ ਤਰੀਕੇ ਨਾਲ ਉਭਾਰਦਾ ਹੈ। ਜਿਹੜੀ ਕਿ ਯਕੀਨਨ ਨਾ ਸਿਰਫ਼ ਇਕ ਪਾਠਕ, ਸਗੋਂ ਇਕ ਅਲੋਚਕ ਲਈ ਵੀ ਸਮਝਣ ਵਾਲੀ ਮੁੱਖ ਗੱਲ ਹੁੰਦੀ ਹੈ।

~ਪ੍ਰਕਾਸ਼ਕ

978-93-94737-35-8
Available as eBook
₹350/-
Non-Fiction
RETHINK PUBLISHER
Cover Design: Simrik
Font: Akaash
www.rethinkpublisher.com
info@rethinkpublisher.com
94648-95424
rethinkpubisher

# ਕੋਈ

# ਦੇਸ

# ਨਾ ਸਾਡਾ

## ਗੁਰਦੀਪ ਸਿੰਘ ਨਿਦੋਸਰਾ

ਸਿੱਖ ਕੌਮ ਉੱਤੇ 1984 ਵਿਚ ਭਾਰਤੀ ਰਾਜ ਵੱਲੋਂ ਕੀਤੇ ਫ਼ੌਜੀ ਹਮਲੇ ਅਤੇ ਸਿੱਖ ਨਸਲਕੁਸ਼ੀ ਦੇ ਕਰੂਰ ਵਰਤਾਰੇ ਦੇ ਸਿੱਖ ਮਾਨਸਿਕਤਾ ਅਤੇ ਖ਼ਾਸਕਰ ਬੱਚਿਆਂ ਉੱਤੇ ਪਏ ਅਤਿ ਸੂਖਮ ਪ੍ਰਭਾਵਾਂ ਦੀ ਦਾਸਤਾਨ

**ਇਸੇ ਕਲਮ ਤੋਂ**

ਸਭ ਦੇਸੁ ਪਰਾਇਆ (ਸਵੈ-ਜੀਵਨੀ ਅੰਸ਼), 2022

Published By

**Rethink Foundation**

Vill. Fatehgarh Chhanna

P.O. Deh-Kalan

Teh./Distt. Sangrur-148034

Sub-Office: 73A, Nilothi Ext.,

Vikaspuri Ext., Chandar Vihar,

New Delhi-110041

Website

www.rethinkpublisher.com

Phone: 91 94648-95424

ISBN: 978-93-94737-35-8

Year: 2023

Price: 325 /-

© Publisher

---

## ਚੇਤਾਵਨੀ

ਇਸ ਕਿਤਾਬ ਦੇ ਸਾਰੇ ਹੱਕ ਰਾਖਵੇਂ ਹਨ. ਇਸ ਲਈ ਇਸ ਨੂੰ ਬਗ਼ੈਰ ਪ੍ਰਕਾਸ਼ਕ ਦੀ ਲਿਖ਼ਤੀ ਆਗਿਆ ਦੇ ਕਿਸੇ ਵੀ ਤਰੀਕੇ ਨਾਲ (ਫੋਟੋਕਾਪੀ ਜਾਂ ਪੀ.ਡੀ.ਐਫ ਬਣਾਉਣਾ, ਆਦਿ) ਆਪਣੇ ਕੋਲ ਸੰਭਾਲ ਕੇ ਰੱਖਣ ਵਾਲੇ ਵਿਅਕਤੀ ਖ਼ਿਲਾਫ਼ ਬਾਕਾਇਦਾ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ.

Koi Desh Na Sada

By  Gurdeep Singh Nidosra

# ਸਮਰਪਣ

ਜ਼ੁਲਮੀ ਰਾਜ ਵੱਲੋਂ ਕੌਮੀ ਪਛਾਣ ਅਤੇ ਹੋਂਦ ਉੱਤੇ ਕੀਤੇ ਹਮਲੇ ਦੌਰਾਨ

ਚੁਰਾਸੀ ਦੇ ਘੱਲੂਘਾਰੇ ਵਿਚ ਸ਼ਹੀਦ ਹੋਈਆਂ ਰੂਹਾਂ ਦੀ

ਸਦੀਵੀ ਯਾਦ ਨੂੰ ਸਮਰਪਿਤ।

# ਦੋ ਸ਼ਬਦ

ਬਹੁਤ ਕੁਝ ਹੁੰਦਾ ਜੋ ਤੁਹਾਡੇ ਅੰਦਰ ਧੁਰ ਅੰਦਰ ਬੈਠਾ ਰਹਿੰਦਾ ਹੈ। ਤੁਹਾਡੇ ਆਪੇ ਵਿਚ ਘੁਲ ਜਾਂਦਾ। ਵਿਅਕਤੀਗਤ ਤੇ ਤੁਹਾਡੀ ਕੌਮ ਦੇ ਉੱਤੇ ਸਮੂਹਿਕ ਤੌਰ ’ਤੇ ਵਾਪਰਿਆ ਵੀ। ਬੁਰਾ ਵੀ ਤੇ ਚੰਗਾ ਵਾਪਰਿਆ ਵੀ। ਉਹੋ ਜੋ ਇਤਿਹਾਸ ਦੇ ਪੰਨਿਆਂ ਤੇ ਉੱਤਰਨ ਤੋਂ ਪਹਿਲਾਂ ਤੁਹਾਡੀ ਰੂਹ ਵਿਚ ਰਚ ਗਿਆ ਹੁੰਦਾ ਹੈ। ਰੂਹਾਂ ਵਾਲਿਆਂ ਨੂੰ ਇਹ ਜੋ ‘ਬਹੁਤ ਕੁਝ’ ਹੁੰਦਾ ਹੈ ਜ਼ਰਾ-ਜ਼ਰਾ ਤੜਫਾਉਂਦਾ ਰਹਿੰਦਾ ਹੈ। ਇਹ ਤੜਪ ਜਿਸ ਦੀ ਝੋਲੀ ਪੈਂਦੀ ਹੈ ਉਹ ਕੌਮਾਂ ਦੇ ਦਰਦ ਨਾਲ ਇਕ-ਮਿੱਕ ਹੋ ਜਾਂਦਾ ਹੈ। ਜਿਸ ਦੇ ਧੁਰੋਂ ਲੇਖੀਂ ਲਿਖਿਆ ਹੋਵੇ ਉਹ ਆਪਣੀ ਕੌਮ ਦੇ ਅੰਬਰਾਂ ਦਾ ਧਰੂ ਤਾਰਾ ਵੀ ਬਣ ਜਾਂਦਾ ਹੈ। ਉਨ੍ਹਾਂ ਧਰੂ ਤਾਰਿਆਂ ਦੇ ਅੰਗ-ਸੰਗ ਅਨੇਕਾਂ ਨਿੱਕੇ-ਨਿੱਕੇ ਤਾਰੇ ਵੀ ਤਾਰਿਆਂ ਦੀ ਛਾਂ ਦਾ ਹਿੱਸਾ ਬਣ ਜਾਂਦੇ ਹਨ। ਚੁਰਾਸੀ ਦੇ ਗ੍ਰਹਿਣ ਨੂੰ ਇਨ੍ਹਾਂ ਤਾਰਿਆਂ ਦੀ ਲੋਅ ਨੇ ਹੀ ਰੁਸ਼ਨਾ ਛੱਡਿਆ ਹੈ। ਪੰਜਾਬ ਦੇ ਸੋਨ ਕਿਰਨਾਂ ਰੱਤੇ ਸੂਰਜ

ਦੇ ਦੁਆਲੇ ਛਾਏ ਕਾਲੇ ਬੱਦਲਾਂ ਵਿੱਚੋਂ ਬਿਜਲੀ ਦੀਆਂ ਲਿਸ਼ਕਾਂ ਬਣ ਕੇ ਆਪਣੀ ਧਰਤ ਨੂੰ ਰੁਸ਼ਨਾਉਣ ਵਾਲੇ ਜਿਗਰਿਆਂ ਦੀ ਦਾਸਤਾਨ ਵੀ ਪੰਜਾਬ ਦੀਆਂ ਫ਼ਜ਼ਾਵਾਂ ਵਿਚ ਲਿਖੀ ਪਈ ਹੈ। ਉਸ ਕਥਾ ਨੂੰ ਪੜ੍ਹਨ-ਸੁਣਨ ਲਈ ਰੂਹਾਂ ਜਗਾਉਣੀਆਂ ਲਾਜ਼ਮੀ ਹਨ। ਉਸ ਕੁਲੱਛਣੇ ਸਮੇਂ ਵਿਚ ਅਣਭੋਲ ਮਨਾਂ ਨੇ ਬੜੇ ਸਿਤਮ ਸਹੇ ਹਨ। ਉਹ ਮਨ ਜੋ ਆਪਣੇ ਖ਼ਿਆਲਾਂ ਨੂੰ ਪ੍ਰਗਟਾ ਨਾ ਸਕੇ। ਉਹ ਮਨ ਜੋ ਸਿਤਮ ਦਰ ਸਿਤਮ ਬੁੱਝਦੇ ਜਗਦੇ ਰਹੇ।

ਉਸ ਕਲਹਿਣੇ ਸਮੇਂ ਵਿਚ ਉਨ੍ਹਾਂ ਨਿਰਛਲ ਮਨਾਂ ਦੇ ਅੰਦਰ ਜੋ ਵਰਤ ਰਿਹਾ ਹੋਵੇਗਾ ਉਸ ਨੂੰ ਪਕੜਨ ਦੀ ਕੋਸ਼ਿਸ਼ ਕਰਨ ਨਾਲ ਵੱਡੀ ਤ੍ਰਾਸਦੀ ਦੇ ਸੂਖਮ ਪ੍ਰਭਾਵਾਂ ਦੀ ਥਾਹ ਪੈਂਦੀ ਹੈ। ਜੋ ਸ਼ਾਇਦ ਕਦੇ ਕਾਲੇ ਮਨਾਂ ਵਾਲਿਆਂ ਨੂੰ ਕੋਈ ਮੱਤ ਦੇ ਸਕੇ।

ਇਕ ਦਿਨ ਮੈਂ ਆਪਣੀ ਬੀਜੀ ਨੂੰ ਇਕ ਡੂੰਘਾ ਹਉਕਾ ਲੈਂਦਿਆਂ ਸੁਣਿਆ। ਪੁੱਛਣ ’ਤੇ ਉਹ ਆਖਣ ਲੱਗੇ ਕਿ ਮੈਨੂੰ ‘ਉੱਧਰ’ ਰਹਿ ਗਏ ਘਰ ਦੀ ਯਾਦ ਆ ਗਈ ਸੀ। ਬੀਜੀ ਪੰਜਾਬ ਦੀ ਵੰਡ ਵੇਲੇ ਦਸ ’ਕੁ

ਸਾਲ ਦੇ ਸਨ। ਮੈਂ ਸੋਚਿਆ ਜਿਨ੍ਹਾਂ ਪਾਤਰਾਂ ਬਾਰੇ ਕਿਤਾਬਾਂ ਵਿਚ ਪੜ੍ਹ-ਪੜ੍ਹ ਕੇ ਮੈਂ ਰੋਂਦਾ ਹਾਂ ਉਹ ਪਾਤਰ ਤਾਂ ਮੇਰੇ ਆਪਣੇ ਘਰ ਵਿਚ ਹੀ ਹਨ– ਮੇਰੇ ਆਪਣੇ ਮਾਂ-ਪਿਓ। ਜਿਨ੍ਹਾਂ ਦੇ ਪੈਰਾਂ ਨੇ ਉਹ ਸਫ਼ਰ ਕੀਤੇ ਹਨ ਜਿਸ ਨੂੰ ਲਹੂ ਦੇ ਦਰਿਆਵਾਂ ਦੇ ਸਫ਼ਰ ਕਿਹਾ ਜਾਂਦਾ ਹੈ। ਮੇਰੇ ਪਿਤਾ ਦੀ ਉਮਰ ਉਦੋਂ ਪੰਦਰਾਂ ’ਕੁ ਸਾਲਾਂ ਦੀ ਸੀ। ਉਹ ਆਪਣੀ ਮਾਂ ਨੂੰ ਉਸ ਸਫ਼ਰ ਵਿਚ ਸਦਾ ਲਈ ਗੁਆ ਆਏ ਸਨ। ਮੈਨੂੰ ਉਸ ਉਮਰੇ ਆਪਣੀ ਮਾਂ ਤੋਂ ਬਗੈਰ ਜਿਊਣਾ ਤੇ ਉਹ ਵੀ ਘਰ ਸੰਸਾਰ ਤੋਂ ਉੱਜੜ ਕੇ ਮੁਹਾਲ ਹੀ ਨਹੀਂ ਸਗੋਂ ਅਸੰਭਵ ਲੱਗਦਾ। ਮੈਂ ਨਿਠ ਕੇ ਆਪਣੇ ਮਾਤਾ-ਪਿਤਾ ਕੋਲੋਂ ਪੰਜਾਬ ਦੇ ਉਜਾੜੇ ਦੀਆਂ ਗੱਲਾਂ ਸੁਣੀਆਂ ਜੋ ਅਸਲ ਵਿਚ ਉਨ੍ਹਾਂ ਦੀਆਂ ਆਪਣੀਆਂ ਹੀ ਗੱਲਾਂ ਸਨ।

ਉਹ ਸਭ ਕੁਝ ਮੈਂ ਡੂੰਘੇ ਮਨ ਵਿਚ ਵਸਾ ਲਿਆ। ਸੰਤਾਲੀ ਦੇ ਪੰਜਾਬ ਦੇ ਉਜਾੜੇ ਨੂੰ ਬਚਪਨ ਵਿਚ ਵੇਖਣ ਤੋਂ ਬਾਅਦ ਚੁਰਾਸੀ ਦੇ ਪੰਜਾਬ ਦੇ ਉਜਾੜੇ ਨੂੰ ਉਨ੍ਹਾਂ ਨੇ ਬੁਢਾਪੇ ਵਿਚ ਵੇਖ ਲਿਆ। ਜਦੋਂ ਮੈਂ ਬਚਪਨ ਤੋਂ ਜੁਆਨੀ ਵਿਚ ਪੈਰ ਰੱਖ ਰਿਹਾ ਸਾਂ ਤਾਂ ਇਸ ਉਜਾੜੇ ਦੀ

ਕਸਕ ਬੜੀ ਸ਼ਿੱਦਤ ਨਾਲ ਮਹਿਸੂਸ ਕਰ ਰਿਹਾ ਸੀ, ਪਰ ਮੇਰੀ ਉਮਰ ਤੋਂ ਵੀ ਛੋਟੇ ਸ਼ਾਇਦ ਬਹੁਤ ਛੋਟੇ ਸਨ ਜੋ ਇਸ ਸਭ ਕੁਝ ਨੂੰ ਮੇਰੇ ਮਾਤਾ-ਪਿਤਾ ਵਾਂਗ ਪਿੰਡੇ ’ਤੇ ਹੰਢਾ ਤੇ ਜੀਅ ਰਹੇ ਸਨ। ਉਹ ਪੀੜ ਮੇਰੀਆਂ ਰਗਾਂ ਵਿਚ ਸਰਲਾਉਂਦੀ ਰਹਿੰਦੀ। ਰਾਤਾਂ ਨੂੰ ਨੀਂਦ ਨਹੀਂ ਆਉਂਦੀ ਸੀ। ਫਿਰ ਮੈਂ ਉਸ ਪੀੜ ਦੀ ਕਹਾਣੀ ਦਰਿਆ ਦੇ ਪਾਣੀਆਂ, ਰੇਤਿਆਂ-ਬਰੇਤਿਆਂ ਤੇ ਰੁੱਖਾਂ-ਪੰਖੇਰੂਆਂ ਨੂੰ ਸੁਣਾਉਣ ਲੱਗ ਪਿਆ। ਇਉਂ ਆਪਣੇ-ਆਪ ਅਤੇ ਆਲ਼ੇ-ਦੁਆਲੇ ਨਾਲ ਦੁੱਖ ਫਰੋਲਦਾ ਹੋਇਆ ਪਤਾ ਹੀ ਨਾ ਲੱਗਾ ਕਦੋਂ ਕਾਗ਼ਜ਼ਾਂ ’ਤੇ ਜਜ਼ਬਾਤ ਉਤਾਰਨ ਲੱਗ ਪਿਆ। ਜਿਵੇਂ ਅਸੀਂ ਸ਼ੀਸ਼ੇ ਵਿਚ ਹਰ ਰੋਜ਼ ਆਪਣਾ ਮੂੰਹ ਵੇਖ ਕੇ ਇਸ ਦੇ ਸੋਹਣਾ ਹੋਣ ਦਾ ਸਬੂਤ ਵੇਖ ਕੇ ਆਪ ਖ਼ੁਸ਼ ਜਾਂ ਨਾਖ਼ੁਸ਼ ਹੁੰਦੇ ਹਾਂ ਓਵੇਂ ਹੀ ਆਪਣੀ ਅੰਤਰ ਆਤਮਾ ਦੇ ਸੋਹਣੇ ਹੋਣ ਦੇ ਅਕਸ ਵੀ ਵੇਖਣੇ ਲਾਜ਼ਮੀ ਹਨ। ਸਾਡੀ ਅਸਲੀ ਪਛਾਣ ਤਾਂ ਉਹੋ ਹੀ ਹੈ। ਸੱਚਾ-ਸੁੱਚਾ ਸਾਹਿਤ ਸਾਡੀ ਅੰਤਰ ਆਤਮਾ ਦਾ ਸ਼ੀਸ਼ਾ ਹੁੰਦਾ ਹੈ। ਮਨੁੱਖਾਂ ਦੇ ਇਸ ਧਰਤ ਸੰਸਾਰ ਵਿਚ ਵਿਵਹਾਰ ਦਾ ਚਿੱਠਾ ਹੁੰਦਾ ਹੈ।